270
06-06-19

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ ਫੇਜ-8 ਐਸ.ਏ.ਐਸ. ਨਗਰ
(ਦਫਤਰੀ ਅਮਲਾ-ਸਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)(ਐਸਿ)
ਪੰਜਾਬ।

ਮੀਮੋ ਨੰ: 3/3-18 ਦਅ (2) /164207
ਮਿਤੀ: 6/6/2019

1805
6/6/19

ਵਿਸ਼ਾ: ਦਰਜਾ ਚਾਰ (ਦਸਵੀਂ ਪਾਸ) ਅਤੇ ਦਰਜਾ ਤਿੰਨ ਕਰਮਚਾਰੀ (ਕਲਰਕ ਦੀ ਤਨਖਾਹ ਸਕੇਲ ਤੋਂ ਘੱਟ ਸਕੇਲ ਵਿੱਚ: ਐਸ.ਐਲ.ਏ., ਸਕੂਲ ਲਾਇਬ੍ਰੇਰੀਅਨ/ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਡਰਾਈਵਰ) ਤੋਂ ਬਤੌਰ ਕਲਰਕ ਦੀ ਪਦਉਨਤੀ ਲਈ ਟਾਈਪ ਟੈਸਟ ਲੈਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਸਿੱਖਿਆ ਵਿਭਾਗ, ਪੰਜਾਬ ਵੱਲੋਂ ਖੇਤਰੀ ਦਫਤਰਾਂ/ਸਰਕਾਰੀ ਸਕੂਲਾਂ ਵਿੱਚ ਕਲਰਕਾਂ ਦੀਆਂ ਪਦਉਨਤੀ ਕੋਟੇ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਸੁਰੂ ਕੀਤੀ ਗਈ ਹੈ। ਦਰਜਾ ਤਿੰਨ (ਕਲਰਕ ਦੀ ਤਨਖਾਹ ਤੋਂ ਘੱਟ ਸਕੇਲ ਵਿੱਚ) ਕਰਮਚਾਰੀਆਂ ਅਤੇ ਦਰਜਾ ਚਾਰ (ਦਸਵੀਂ ਪਾਸ) ਕਰਮਚਾਰੀਆਂ ਤੋਂ ਬਤੌਰ ਕਲਰਕ ਪਦਉਨਤੀ ਲਈ ਵਿਭਾਗ ਦੇ ਨਿਯਮ "Punjab Education Department Mininsterial and Non-teaching staff (Subbordinate offics and Boarder Area) Group C Service, Rule 2018"ਅਨੁਸਾਰ ਅੰਗ੍ਰੇਜੀ ਅਤੇ ਪੰਜਾਬੀ ਦੋਨੋ ਭਾਸ਼ਾਵਾਂ ਵਿੱਚ ਕੰਪਿਊਟਰ ਤੇ ਟਾਈਪ ਟੈਸਟ 30 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਪਾਸ ਕਰਨਾ ਲਾਜਮੀ ਹੈ।

ਉਕਤ ਅਨੁਸਾਰ ਕਲਰਕਾਂ ਦੀ ਅਸਾਮੀ ਤੇ ਪਦਉਨਤ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਦੋਵੇ ਭਾਸ਼ਾਵਾਂ ਵਿੱਚ (ਅੰਗ੍ਰੇਜੀ ਅਤੇ ਪੰਜਾਬੀ) ਟਾਈਪ ਟੈਸਟ ਲੈਣ ਲਈ ਸਮਾਂ ਅਤੇ ਸਥਾਨ ਬਾਅਦ ਵਿੱਚ ਵਿਭਾਗ ਦੀ ਵੈਬਸਾਈਟ ਤੇ ਪਾ ਦਿੱਤਾ ਜਾਵੇਗਾ।

1) ਇਸ ਲਈ ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ/ਸਰਕਾਰੀ ਸਕੂਲਾਂ/ਸੰਸਥਾਵਾਂ ਵਿੱਚ ਕੰਮ ਕਰਦੇ ਦਸਵੀਂ ਪਾਸ ਦਰਜਾ ਚਾਰ ਕਰਮਚਾਰੀ ਜੋ ਪੰਜਾਬੀ ਅਤੇ ਅੰਗ੍ਰੇਜੀ ਟਾਈਪ ਟੈਸਟ ਦੇਣਾ ਚਾਹੁੰਦੇ ਹਨ, ਉਹ ਦਰਜਾ-4 ਕਰਮਚਾਰੀ ਮਿਤੀ 18-06-2019 ਨੂੰ 11:59Pm ਤੱਕ ਵਿਭਾਗ ਦੀ ਵੈਬਸਾਈਟ www.ssapunjab.org ਤੇ ਬਣਾਏ ਗਏ ਪੋਰਟਲ ਤੇ ਆਪਣਾ ਨਾਂ (ਸਮੇਤ ਸੀਨੀਆਰਤਾ ਨੰਬਰ) ਅਤੇ ਹੋਰ ਵੇਰਵੇ ਦਰਜ ਕਰਵਾਉਣ।
2) ਉਪਰੋਕਤ ਤੋਂ ਇਲਾਵਾ ਅਧੀਨ ਦਫਤਰਾਂ/ਸਕੂਲਾਂ/ਸੰਸਥਾਵਾਂ ਵਿੱਚ ਕੰਮ ਕਰਦੇ ਦਰਜਾ-3 ਕਰਮਚਾਰੀਆਂ (ਐਸ.ਐਲ.ਏਜ, ਲਾਇਬ੍ਰੇਰੀਅਨ, ਸਹਾਇਕ ਲਾਇਬ੍ਰਰੀਅਨ, ਲਾਇਬ੍ਰੇਰੀ ਰਿਸਟੋਰਰ, ਡਰਾਈਵਰ) ਜੋ ਬਤੌਰ ਕਲਰਕ ਪਦਉਨਤੀ ਲੈਣ ਦੇ ਚਾਹਵਾਨ ਹੋਣ, ਉਹ ਕਰਮਚਾਰੀ ਵੀ ਮਿਤੀ 18-06-2019 ਨੂੰ 11:59 Pm ਤੱਕ ਵਿਭਾਗ ਦੀ ਵੈਬਸਾਈਟ ਤੇ ਬਣਾਏ ਗਏ ਪੋਰਟਲ www.ssapunjab.org ਤੇ ਆਪਣਾ ਨਾਂ (ਸਮੇਤ ਸੀਨੀਆਰਤਾ ਨੰਬਰ) ਅਤੇ ਹੋਰ ਵੇਰਵੇ ਦਰਜ ਕਰਵਾਉਣ।

ਜਿੰਨਾ ਕਰਮਚਾਰੀਆਂ ਵੱਲੋਂ ਆਨ-ਲਾਈਨ ਪੋਰਟਲ ਤੇ ਆਪਣਾ ਨਾਂ ਮਿੱਥੇ ਸਮੇਂ ਦੇ ਅੰਦਰ-ਅੰਦਰ ਦਰਜ ਨਹੀ ਕਰਵਾਇਆ, ਉਹਨਾਂ ਕਰਮਚਾਰੀਆਂ ਦਾ ਟਾਈਪ ਟੈਸਟ ਨਹੀ ਲਿਆ ਜਾਵੇਗਾ।

ਕਰਮਚਾਰੀਆਂ ਦਾ ਟਾਈਪ ਟੈਸਟ ਸਰਕਾਰ ਵੱਲੋਂ ਨਿਰਧਾਰਿਤ ਕੀਤੀਆਂ ਗਈਆਂ ਸ਼ਰਤਾਂ ਅਨੁਸਾਰ ਲਿਆ ਜਾਵੇਗਾ। ਸੇਵਾਕਾਲ ਵਾਧੇ ਤੇ ਚਲ ਰਹੇ ਕਰਮਚਾਰੀਆਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਦਉਨਤੀ ਨਹੀ ਦਿੱਤੀ ਜਾ ਸਕਦੀ। ਇਸ ਲਈ ਜੋ ਕਰਮਚਾਰੀ ਸੇਵਾਕਾਲ ਵਾਧੇ ਤੇ ਚਲ ਰਹੇ ਹਨ, ਉਹ ਟਾਈਪ ਟੈਸਟ ਵਿੱਚ ਸ਼ਾਮਿਲ ਨਹੀ ਹੋ ਸਕਦੇ। ਇੱਥੇ ਇਹ ਵੀ ਲਿਖਿਆ ਜਾਂਦਾ ਹੈ ਕਿ ਜੋ ਦਰਜਾ ਚਾਰ (ਦਸਵੀਂ ਪਾਸ) ਕਾਲਜ ਕਾਡਰ ਦੇ ਕਰਮਚਾਰੀ ਹਨ ਉਹਨਾਂ ਨੂੰ ਇਹਨਾਂ ਪਦਉਨਤੀਆਂ ਲਈ ਵਿਚਾਰਿਆ ਨਹੀ ਜਾਵੇਗਾ।

ਟਾਈਪ ਟੈਸਟ ਲਈ ਆਉਣ ਵਾਲੇ ਕਰਮਚਾਰੀ ਜਿਸ ਸੰਸਥਾਂ ਵਿੱਚ ਕੰਮ ਕਰਦੇ ਹਨ, ਉਸ ਸੰਸਥਾਂ ਦੇ ਮੁਖੀ ਵੱਲੋਂ ਨੱਥੀ ਕੀਤੇ ਪ੍ਰਫੋਰਮੇ ਨੂੰ ਭਰਨ ਉਪਰੰਤ, ਸਬੰਧਤ ਸੰਸਥਾ ਮੁਖੀ ਵੱਲੋਂ ਤਸਦੀਕ ਕੀਤਾ ਗਿਆ ਹੋਵੇ, ਹਰ ਪੱਖੋ ਮੁਕੰਮਲ ਕਰਦੇ ਨਾਲ ਲਿਆਂਦਾ ਜਾਵੇ।

Scanned by CamScanner

ਜੋ ਕਰਮਚਾਰੀ ਅੰਗਹੀਣ ਕੈਟਾਗਰੀ ਨਾਲ ਸਬੰਧ ਰੱਖਦੇ ਹਨ ਉਹ ਕਰਮਚਾਰੀ ਟਾਈਪ ਟੈਸਟ ਵਿੱਚ ਛੋਟ ਲੈਣ ਲਈ ਸਬੰਧਤ ਜਿਲ੍ਹੇ ਦੇ ਸਿਵਲ ਸਰਜਨ ਵੱਲੋਂ ਟਾਈਪ ਟੈਸਟ ਦਾ ਛੋਟ ਸਬੰਧੀ ਸਰਟੀਫਿਕੇਟ ਲੈ ਕੇ ਆਉਣ। ਕੇਵਲ ਉਹਨਾਂ ਕਰਮਚਾਰੀਆਂ ਨੂੰ ਹੀ ਟਾਈਪ ਟੈਸਟ ਤੋਂ ਛੋਟ ਦੇਣ ਸਬੰਧੀ ਨਿਯਮਾਂ ਅਨੁਸਾਰ ਵਿਚਾਰਿਆ ਜਾਵੇਗਾ।

ਉਕਤ ਅਨੁਸਾਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਆਪਣੇ ਅਧੀਨ ਕੰਮ ਕ ਰਦੇ ਦਰਜਾ-4 (ਦਸਵੀਂ ਪਾਸ) ਅਤੇ ਦਰਜਾ-3 ((ਐਸ.ਐਲ.ਏਜ, ਲਾਇਬ੍ਰੇਰੀਅਨ, ਸਹਾਇਕ ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਡਰਾਈਵਰ) ਕਰਮਚਾਰੀ ਜੋ ਟਾਈਪ ਟੈਸਟ ਦੇਣ ਦੇ ਚਾਹਵਾਨ ਹਨ, ਨੂੰ ਵਿਭਾਗ ਵੱਲੋਂ ਰੱਖੇ ਗਏ ਟਾਈਪ ਟੈਸਟ ਵਿੱਚ ਉਪਰੋਕਤ ਦੱਸੇ ਅਨੁਸਾਰ ਹਾਜਰ ਹੋਣ ਲਈ ਸੂਚਿਤ ਕਰਨ।

(ਨੱਥੀ:- ਪ੍ਰਫੋਰਮਾ)

4/6/19
ਡਿਪਟੀ ਡਾਇਰੈਕਟਰ ਪ੍ਰਸ਼ਾਸਨ

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਅੰਮ੍ਰਿਤਸਰ
ਪਿੱਠ ਅੰਕਣ ਨੰ: ਅ-5/2019-2851 ਮਿਤੀ 11-06-2019
ਉਪਰੋਕਤ ਦਾ ਉਤਾਰਾ ਸਮੂਹ ਪ੍ਰਿੰਸੀਪਲ/ ਮੁੱਖ ਅਧਿਆਪਕ ਅੰਮ੍ਰਿਤਸਰ ਨੂੰ ਯੋਗ ਕਾਰਵਾਈ ਅਤੇ ਸੂਚਨਾ ਹਿੱਤ ਭੇਜਿਆ ਜਾਂਦਾ ਹੈ

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਅੰਮ੍ਰਿਤਸਰ
11/6/19 11/6/19

Scanned by CamScanner

# ਪ੍ਰੋਫਾਰਮਾ

ਫੋਟੋ

ਵਿਸ਼ਾ:- ਦਰਜਾ-4 ਅਤੇ ਦਰਜਾ-3 (ਐਸ.ਏ.ਐਸ., ਲਾਇਬ੍ਰੇਰੀਅਨ/ਸਹਾਇਕ ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਡਰਾਈਵਰ) ਕਰਮਚਾਰੀਆਂ ਵੱਲੋਂ ਬਤੌਰ ਕਲਰਕ ਪਦਉਨਤੀ ਲਈ ਟਾਈਪ ਟੈਸਟ ਵਿੱਚ ਬੈਠਣ ਲਈ ਪ੍ਰੋਫਾਰਮਾ।

| | |
|---|---|
| ਕਰਮਚਾਰੀ ਦਾ ਨਾਂ | |
| ਅਹੁਦਾ | |
| ਵਰਤਮਾਨ ਕੰਮ ਕਰਨ ਦਾ ਸਥਾਨ | |
| ਸੀਨੀਆਰਤਾ ਨੰਬਰ | |
| ਪਿਤਾ ਦਾ ਨਾਮ | |
| ਜਨਮ ਮਿਤੀ | |
| ਸਰਕਾਰੀ ਸੇਵਾ ਵਿੱਚ ਆਉਣ ਦੀ ਮਿਤੀ | |
| ਕੈਟਾਗਰੀ | |
| ਯੋਗਤਾ (ਮੈਟ੍ਰਿਕ ਪਾਸ ਕਰਨ ਦਾ ਸਥਾਨ ਅਤੇ ਸਬੰਧਤ ਬੋਰਡ | |
| ਕੀ ਦਸਵੀਂ ਕਲਾਸ ਵਿੱਚ ਪੰਜਾਬੀ ਵਿਸ਼ਾ ਪਾਸ ਹੈ? | |
| ਕੀ ਕਰਮਚਾਰੀ ਵਿਰੁੱਧ ਕੋਈ ਵਿਭਾਗੀ ਪੜਤਾਲ/ਵਿਜੀਲੈਂਸ ਕੇਸ/ਪੁਲਿਸ ਕੇਸ ਚਲਦਾ ਹੈ ਜਾਂ ਨਹੀ? | |
| ਕਰਮਚਾਰੀ ਦੇ ਹਸਤਾਖਰ | |

ਸਬੰਧਤ ਸੰਸਥਾ/ਸਕੂਲ ਮੁਖੀ ਦੇ ਹਸਤਾਖਰ

Scanned by CamScanner